# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 29 ਸਤੰਬਰ 2025 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਐਚ.ਕੇ.ਐਸ. ਸਕੂਲ ਦੇ ਵਿਦਿਆਰਥੀਆਂ ਨੇ ਰੋਡੇ ਸੈਂਟਰ ਖੇਡਾਂ ਖੋ-ਖੋ 'ਚ ਮਾਰੀਆਂ ਮੱਲਾਂ : ਚੇਅਰਮੈਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 29 ਸਤੰਬਰ : ਐਚ.ਕੇ.ਐਸ. ਸਕੂਲ ਦੇ ਚੇਅਰਮੈਨ ਜਸਕਰਨ ਸਿੰਘ, ਵਾਈਸ ਚੇਅਰਮੈਨਅਮਨਦੀਪ ਸਿੰਘ, ਪ੍ਰਿੰਸੀਪਲ ਮੈਡਮ ਅਮਨਦੀਪ ਕੌਰ, ਡਾਇਰੈਕਟਰ ਇਨਸਾਫ਼ ਸਿੰਘ ਅਤੇ ਡੀ.ਪੀ. ਗੁਰਸੇਵਕ ਸਿੰਘ ਨੇ ਖੁਸ਼ੀ ਦਾ ਇਜ਼ਹਾਰ ਪ੍ਰਗਟ ਕਰਦਿਆਂ ਕਿਹਾ ਕਿ ਅੰਡਰ-11 ਵਿੱਚ ਰੋਡੇ ਸੈਂਟਰ ਵਿਖੇ ਜਿੱਥੇ ਸਾਰੇ ਪ੍ਰਾਇਮਰੀ ਸਕੂਲਾਂ ਦੇ ਹੋਏ ਮੁਕਾਬਲਿਆਂ ਵਿੱਚ ਐਚ.ਕੇ.ਐਸ ਦੇ ਵਿਦਿਆਰਥੀਆਂ ਨੇ ਖੋ-ਖੋ ਖੇਡ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਸਭ ਦਾ ਮੋਹ ਜਿੱਤਿਆ ਤੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕਰਕੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ। ਜਸਕਰਨ ਸਿੰਘ ਨੇ ਕਿਹਾ ਕਿ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਦੋਨਾਂ ਨੂੰ ਤੰਦਰੁਸਤ ਰੱਖਣ ਵਾਸਤੇ ਖੇਡਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਖੇਡਾਂ ਸਰੀਰਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਇਸ ਮੌਕੇ ਜਸਕਰਨ ਸਿੰਘ ਅਤੇ ਅਮਨਦੀਪ ਸਿੰਘ ਨੇ ਗੁਰਸੇਵਕ ਸਿੰਘ ਡੀ.ਪੀ. ਦਾ ਵਿਸ਼ੇਸ਼ ਸਨਮਾਨ ਕੀਤਾ ਤੇ ਉਨ੍ਹਾਂ ਨੂੰ ਅੱਗੇ ਵੀ ਬੱਚਿਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਕਿਹਾ ਤਾਂ ਕਿ ਬੱਚੇ ਜਿੱਥੇ ਆਪਣਾ ਅਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕਰਨਗੇ, ਉਥੇ ਸਕੂਲ ਤੇ ਉਨ੍ਹਾਂ ਦੇ ਮਾਤਾ ਪਿਤਾ ਜੀ ਵੀ ਉਨ੍ਹਾਂ 'ਤੇ ਫ਼ਖ਼ਰ ਮਹਿਸੂਸ ਕਰਨਗੇ। ਜਸਕਰਨ ਸਿੰਘ ਅਤੇ ਅਮਨਦੀਪ ਸਿੰਘ ਨੇ ਗੁਰਸੇਵਕ ਸਿੰਘ ਡੀ.ਪੀ. ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਖਿਡਾਰੀਆਂ ਦੀ ਇਹ ਪ੍ਰਾਪਤੀ ਉਹਨਾਂ ਦੀ ਮਿਹਨਤ ਅਤੇ ਕੋਚ ਸਾਹਿਬਾਨਾਂ ਦੀ ਪ੍ਰੇਰਨਾ ਦਾ ਨਤੀਜਾ ਹੈ। ਉਹਨਾਂ ਖਿਡਾਰੀਆਂ ਨੂੰ ਸਖਤ ਮਿਹਨਤ ਕਰਕੇ ਸਟੇਟ ਪੱਧਰ ਅਤੇ ਵੀ ਸ਼ਾਨਦਾਰ ਪੁਜੀਸ਼ਨਾਂ ਹਾਸਿਲ ਕਰਨ ਦੀ ਪ੍ਰੇਰਨਾ ਦਿੱਤੀ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ 29 ਸਤੰਬਰ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ 'ਰੋਟਰੀ ਕਲੱਬ 'ਸੈਕਟਰ 70 ਐਸ. ਏ. ਐੱਸ. ਨਗਰ(ਮੁਹਾਲੀ) ਵਿਖੇ ਹੋਈ,ਜਿਸ ਦੀ ਪ੍ਰਧਾਨਗੀ ਰੋਟਰੀ ਕਲੱਬ ਦੇ ਪ੍ਰਧਾਨ ਸ਼੍ਰੀ ਸਤੀਸ਼ ਅਰੋੜਾ ਜੀ ਵੱਲੋਂ ਕੀਤੀ ਗਈ। ਇਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਪਰਮਜੀਤ ਕੌਰ ਪਰਮ,ਡਾ. ਅਵਤਾਰ ਸਿੰਘ ਪਤੰਗ,ਸ.ਗੁਰਦਰਸ਼ਨ ਸਿੰਘ ਮਾਵੀ ਅਤੇ ਦਵਿੰਦਰ ਕੌਰ ਢਿੱਲੋਂ ਵੀ ਸ਼ਾਮਿਲ ਸਨ। ਸਭ ਤੋਂ ਪਹਿਲਾਂ ਸੰਗੀਤ ਸਮਰਾਟ ਸ਼੍ਰੀ ਚਰਨਜੀਤ ਅਹੂਜਾ ਅਤੇ ਪ੍ਰਸਿੱਧ ਲੇਖਕ ਰਿਪੁਦਮਨ ਸਿੰਘ ਦੀ ਪਤਨੀ ਸ਼੍ਰੀਮਤੀ ਸਤਪਾਲ ਕੌਰ ਜੋ ਕਿ ਪ੍ਰਸਿੱਧ ਨਾਟਕਕਾਰ ਤੇ ਨਿਰਦੇਸ਼ਕ ਸੰਜੀਵਨ ਸਿੰਘ ਤੇ ਰੰਜੀਵਨ ਸਿੰਘ ਦੇ ਮਾਤਾ ਜੀ ਜੋ ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਸਨ,ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।



ਸੰਸਥਾ ਦੇ ਪ੍ਰਧਾਨ ਸ. ਗੁਰਦਰਸ਼ਨ ਸਿੰਘ ਮਾਵੀ ਵਲੋਂ ਅੱਜ ਦੇ ਸਮਾਗਮ ਦੀ ਰੂਪ-ਰੇਖਾ ਬਾਰੇ ਜਾਣੂ ਕਰਵਾਉਣ ਤੋਂ ਬਾਅਦ ਬਲਵਿੰਦਰ ਢਿੱਲੋਂ ਵੱਲੋਂ ਬਾਬੂ ਰਜਬ ਅਲੀ ਦੀ ਖੂਬਸੂਰਤ ਰਚਨਾ ਸੁਣਾ ਕੇ ਕਵੀ ਦਰਬਾਰ ਦਾ ਆਗਾਜ਼ ਕੀਤਾ ਗਿਆ।ਲਾਭ ਸਿੰਘ ਲਹਿਲੀ,ਰੇਖਾ ਮਿੱਤਲ,ਗੁਰਮੇਲ ਸਿੰਘ ਮੌਜੋਵਾਲ ਅਤੇ ਧਿਆਨ ਸਿੰਘ ਕਾਹਲੋਂ ਨੇ ਸ਼ਹੀਦ ਭਗਤ ਸਿੰਘ ਦੀਆਂ ਰਚਨਾਵਾਂ ਪੇਸ਼ ਕੀਤੀਆਂ। ਅਮਰਜੀਤ ਅਰਪਣ , ਪਿਆਰਾ ਸਿੰਘ ਰਾਹੀ ਅਤੇ ਪਾਲ ਅਜਨਬੀ ਨੇ ਕੁਦਰਤ ਦੀ ਤਾਕਤ ਬਾਰੇ ਬਹੁਤ ਵਧੀਆ ਰਚਨਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ।ਸੋਹਣ ਸਿੰਘ ਬੈਨੀਪਾਲ ਤੇ ਮੰਦਰ ਗਿੱਲ ਸਾਹਬਚੰਦੀਆਂ ਵੱਲੋਂ ਹੜ੍ਹ ਆਉਣ ਤੋਂ ਬਾਅਦ ਹਿੰਮਤ ਨਾ ਹਾਰਨ ਦੀਆਂ ਕਵਿਤਾਂਵਾਂ ਸਾਂਝੀਆਂ ਕੀਤੀਆਂ ।ਪ੍ਰਸਿੱਧ ਲੇਖਕ ਈਸ਼ਰ ਸਿੰਘ 'ਲੰਭਵਾਲੀ'ਜੋ ਵਿਸ਼ੇਸ਼ ਤੌਰ ਤੇ ਮੁਕਤਸਰ ਤੋਂ ਹਾਜ਼ਰ ਹੋਏ ਉਹਨਾਂ ਨੇ ਧੀਆਂ ਬਾਰੇ ਅਤੇ ਪ੍ਰਤਾਪ ਪਾਰਸ ਨੇ ਪਰਦੇਸ ਗਏ ਪੁੱਤਰਾਂ ਲਈ ਮਾਂ ਦਾ ਦਰਦ ਤਰੰਨੁਮ ਚ ਸੁਣਾ ਕੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ।ਮਲਕੀਤ ਨਾਗਰਾ ਨੇ ਸੰਤ ਰਾਮ ਉਦਾਸੀ ਦੀ ਰਚਨਾ ਸੁਣਾ ਕੇ ਆਪਣੀ ਹਾਜ਼ਰੀ ਲਵਾਈ।ਦਰਸ਼ਨ ਤਿਉਣਾ ਨੇ ਬਹੁਤ ਹੀ ਖੂਬਸੂਰਤ ਗੀਤ ਜੋਗੀਆ ਨਾਲ ਤੇ ਗੁਰਦਾਸ ਸਿੰਘ ਦਾਸ ਨੇ ਸੋਹਣੀ ਮਹੀਂਵਾਲ ਦੀ ਰਚਨਾ ਸੁਣਾ ਕੇ ਵਾਹ ਵਾਹ ਖੱਟੀ। ਭਰਪੂਰ ਸਿੰਘ ਨੇ ਬੇਰੁਜ਼ਗਾਰੀ ਨੂੰ ਦਰਸਾਉਂਦੀ ਰਚਨਾ ਪੇਸ਼ ਕੀਤੀ। ਸੁਰਿੰਦਰਪਾਲ ਤੇ ਤਿਲਕ ਸੇਠੀ ਨੇ ਦੀ ਗਜ਼ਲਾਂ ਅਤੇ ਖੂਬਸੂਰਤ ਸ਼ਾਇਰੀ ਨਾਲ ਸਰੋਤਿਆਂ ਨੂੰ ਕੀਲ ਲਿਆ। ਮਹਿੰਦਰ ਸਿੰਘ ਗੋਸਲ ਨੇ ਆਪਣੀ ਰਚਨਾ ਵਿੱਚ ਹਾਥਰਸ ਦੀ ਦਰਦਨਾਕ ਘਟਨਾ ਦਾ ਜ਼ਿਕਰ ਕੀਤਾ। ਸੁਰਿੰਦਰ ਕੁਮਾਰ ਨੇ ਵਿਲੱਖਣ ਕਿਸਮ ਦੀ ਰਚਨਾ ਪੇਸ਼ ਕੀਤੀ। ਇਸ ਤੋਂ ਇਲਾਵਾ ਡਾ. ਸੰਤ ਲਾਲ ਨੇ ਸਿਹਤ ਸਬੰਧੀ ਨੁਸਖ਼ਿਆਂ ਬਾਰੇ ਜਾਣੂ ਕਰਵਾਇਆ। ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ਼੍ਰੀ ਸਤੀਸ਼ ਅਰੋੜਾ ਨੇ ਪ੍ਰਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਸਮਾਗਮ ਹੋਣੇ ਚਾਹੀਦੇ ਹਨ ਤੇ ਨਾਲ ਹੀ ਸਾਦਗੀ ਵਾਲਾ ਜੀਵਨ ਜਿਊਣ ਦੇ ਨੁਕਤੇ ਸਾਂਝੇ ਕੀਤੇ। ਇਸ ਇਕੱਤਰਤਾ ਵਿੱਚ ਚਰਨਜੀਤ ਕਲੇਰ,ਰਜਿੰਦਰ ਰੇਨੂੰ,ਹਰਜੀਤ ਸਿੰਘ,ਅੰਸ਼ੂਕਰ ਮਹੇਸ਼,ਕਮਲ,ਤਰਨਜੀਤ ਸਿੰਘ, ਰਮਨਦੀਪ ਰਮਣੀਕ,ਜਗਤਾਰ ਜੱਗਾ,ਮਨਜੀਤ ਕੌਰ ਮੁਹਾਲੀ,ਹਰਭਜਨ ਕੌਰ ਢਿੱਲੋਂ,ਸਰਬਜੀਤ ਸਿੰਘ ਪੱਡਾ,ਪ੍ਰਲਾਦ ਸਿੰਘ,ਓ.ਪੀ. ਵਰਮਾ,ਸਾਹਿਤ ਚਿੰਤਨ ਦੇ ਪ੍ਰਧਾਨ ਸਰਦਾਰਾ ਸਿੰਘ ਚੀਮਾ ਨੇ ਵੀ ਸ਼ਮੂਲੀਅਤ ਕੀਤੀ। ਮੰਚ ਸੰਚਾਲਨ ਦਵਿੰਦਰ ਕੌਰ ਢਿੱਲੋਂ ਨੇ ਬਾਖੂਬੀ ਨਿਭਾਇਆ। ਅੰਤ ਵਿੱਚ ਡਾ. ਅਵਤਾਰ ਸਿੰਘ ਪਤੰਗ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਇਸ ਸਾਹਿਤਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ।

## ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ : ਬਿੰਟਾ ਬਾਂਸਲ

ਵਰਲਡ ਪੰਜਾਬੀ ਟਾਈਮਜ਼

ਸ਼੍ਰੀ ਮੁਕਤਸਰ ਸਾਹਿਬ 29 ਸਤੰਬਰ : ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸ਼ਹੀਦਾਂ ਦੇ ਸਰਤਾਜ ਸ਼ਹੀਦੇ-ਏ-ਆਜ਼ਮ ਸ੍ਰ. ਭਗਤ ਸਿੰਘ ਦਾ 118ਵਾਂ ਜਨਮ ਦਿਹਾੜਾ ਸ਼ਰਧਾ ਅਤੇ ਧੂਮ



ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬ ਰਾਈਸ ਸ਼ੈਲਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਅਤੇ ਟਕਸਾਲੀ ਸਮਾਜ ਸੇਵਕ ਭਾਰਤ ਭੂਸ਼ਣ ਬਿੰਟਾ ਬਾਂਸਲ ਦੇ ਸਹਿਯੋਗ ਨਾਲ ਮਿਸ਼ਨ ਵੱਲੋਂ ਸਥਾਨਕ ਬਠਿੰਡਾ ਰੋਡ ਸਥਿਤ ਸ.ਪ.ਸ. (ਕ) ਦੇ 121 ਵਿਦਿਆਰਥੀਆਂ ਨੂੰ ਕਾਪੀਆਂ ਅਤੇ ਪੈਂਸਿਲਾਂ ਵੰਡੀਆਂ ਗਈਆਂ। ਇਹ ਸਟੇਸ਼ਨਰੀ ਵੰਡਣ ਉਪਰੰਤ ਬਿੰਟਾ ਬਾਂਸਲ ਨੇ ਕਿਹਾ ਸਾਡੇ ਦੇਸ਼ ਨੂੰ ਅਜ਼ਾਦੀ ਅਨੇਕਾਂ ਸੂਰਬੀਰਾਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਹੋਈ ਹੈ। ਇਨ੍ਹਾਂ ਸ਼ਹੀਦਾਂ ਵਿੱਚ ਪੰਜਾਬ ਦੇ ਰਹਿਣ ਵਾਲੇ ਸ੍ਰ. ਭਗਤ ਸਿੰਘ ਨੂੰ ਸ਼ਹੀਦੇ-ਏ-ਆਜ਼ਮ ਦਾ ਦਰਜਾ ਦਿੱਤਾ ਗਿਆ ਹੈ ਜੋ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਹੋਰਨਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸਾਨੂੰ ਸਾਰਿਆਂ ਨੂੰ ਸ਼ਹੀਦ ਭਗਤ ਸਿੰਘ ਵੱਲੋਂ ਦਿਖਾਏ ਗਏ ਰਸਤੇ 'ਤੇ ਚੱਲਣ ਦੀ ਅਪੀਲ ਕੀਤੀ। ਆਪਣੇ ਸੰਬੋਧਨ ਦੌਰਾਨ ਬਿੰਟਾ ਨੇ ਸਮਾਜ ਸੇਵਾ ਦੇ ਵਧੀਆ ਕਾਰਜਾਂ ਲਈ ਵਿਕਾਸ ਮਿਸ਼ਨ ਦੇ ਮੁਖੀ ਜਗਦੀਸ਼ ਰਾਏ ਢੋਸੀਵਾਲ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਜਾਣਕਾਰੀ ਦਿੰਦੇ ਹੋਏ ਪ੍ਰਧਾਨ ਨੇ ਦੱਸਿਆ ਹੈ ਕਿ ਇਸ ਮੌਕੇ ਸ੍ਰੀ ਬਿੰਟਾ ਬਾਂਸਲ ਨੇ ਸਕੂਲ ਮੁਖੀ ਸੈਂਟਰ ਹੈੱਡ ਟੀਚਰ ਮੈਡਮ ਮਮਤਾ ਖੁਰਾਣਾ ਦੀ ਸਿਫਾਰਿਸ਼ 'ਤੇ ਵਿਦਿਆਰਥੀਆਂ ਦੀ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਕੋਲੋਂ 500 ਲੀਟਰ ਦਾ ਆਰ.ਓ. ਲਗਾਉਣ ਦਾ ਐਲਾਨ ਕੀਤਾ, ਜਿਸ 'ਤੇ ਮੌਜੂਦ ਮਿਸ਼ਨ ਮੈਂਬਰਾਂ, ਸਕੂਲ ਸਟਾਫ ਅਤੇ ਵਿਦਿਆਰਥੀਆਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ। ਇਸ ਤੋਂ ਪਹਿਲਾਂ ਸਕੂਲ ਸੈਂਟਰ ਹੈੱਡ ਟੀਚਰ ਮੈਡਮ ਖੁਰਾਣਾ ਨੇ ਸ੍ਰੀ ਬਿੰਟਾ ਬਾਂਸਲ ਨੂੰ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਨੂੰ ਜੀ ਆਇਆ ਕਹਿੰਦੇ ਹੋਏ ਸਵਾਗਤ ਕੀਤਾ। ਉਪਰੰਤ ਸਕੂਲ ਦੀ ਈ.ਟੀ.ਟੀ.ਅਧਿਆਪਕਾ ਮੈਡਮ ਦੀਪਕਾ ਨੇ ਬਿੰਟਾ ਬਾਂਸਲ ਸਮੇਤ ਸਮੂਹ ਮਿਸ਼ਨ ਮੈਂਬਰਾਂ ਨੂੰ ਜੀ ਆਇਆ ਕਿਹਾ। ਮੀਟਿੰਗ ਮੌਕੇ ਆਪਣੇ ਸੰਬੋਧਨ ਦੌਰਾਨ ਪ੍ਰਧਾਨ ਢੋਸੀਵਾਲ ਨੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਸਮੇਤ ਸਭਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਨੇ ਅੱਜ ਦੀ ਸਟੇਸ਼ਨਰੀ ਦੇਣ ਅਤੇ ਸਕੂਲ ਨੂੰ ਆਰ.ਓ. ਲਗਵਾ ਕੇ ਦੇਣ ਦੇ ਐਲਾਨ ਲਈ ਬਿੰਟਾ ਬਾਂਸਲ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਬਿੰਟਾ ਬਾਂਸਲ ਦੇ ਸਮੁੱਚੇ ਪਰਿਵਾਰ ਨੇ ਬੀਤੇ ਸਮੇਂ ਅਤੇ ਅਜੋਕੇ ਸਮੇਂ ਵਿੱਚ ਸਮਾਜ ਸੇਵਾ ਦੇ ਸ਼ਲਾਘਾ ਯੋਗ ਕਾਰਜ ਕਰਕੇ ਨਾਮਣਾ ਖੱਟਿਆ ਹੈ। ਢੋਸੀਵਾਲ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਆਪਣਾ ਸਮਾਜ ਸੇਵਾ ਦੇ ਕਾਰਜ ਸਹਿਯੋਗੀ ਸੱਜਣਾਂ ਦੇ ਸਮਰਥਨ ਨਾਲ ਹੀ ਕਰਦੀ ਹੈ। ਅੱਜ ਸਟੇਸ਼ਨਰੀ ਵੰਡ ਸਮਾਰੋਹ ਮੌਕੇ ਮਿਸ਼ਨ ਮੁਖੀ ਸ੍ਰੀ ਢੋਸੀਵਾਲ ਤੋਂ ਇਲਾਵਾ ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਸਹਾਇਕ ਜਨਰਲ ਸਕੱਤਰ ਬਲਜੀਤ ਸਿੰਘ ਕੋਆਪ੍ਰੇਟਿਵ, ਲੋਕ ਸੰਪਰਕ ਵਿੰਗ ਦੇ ਡਿਪਟੀ ਡਾਇਰੈਕਟਰ ਸਾਹਿਲ ਕੁਮਾਰ ਹੈਪੀ ਅਤੇ ਮਿਸ਼ਨ ਫੋਟੋ ਗ੍ਰਾਫਰ ਨਰਿੰਦਰ ਕਾਕਾ ਆਦਿ ਮੌਜੂਦ ਸਨ। ਸਕੂਲ ਮੁਖੀ ਸੈਂਟਰ ਹੈੱਡ ਟੀਚਰਮ ਮੈਡਮ ਮਮਤਾ ਖੁਰਾਣਾ ਸਮੇਤ ਦੀਪਿਕਾ, ਵੀਰਪਾਲ ਕੌਰ, ਸੱਤਪ੍ਰੀਤ ਕੌਰ, ਗੁਰਜੀਤ ਕੌਰ, ਪੂਜਾ ਟੰਡਨ, ਰਾਣੀ ਕੌਰ, ਕਾਰਜ ਸਿੰਘ, ਪ੍ਰਿਭਾ, ਹਰਮਨ ਸਿੰਘ, ਸਾਂਚੀ ਖੁਰਾਣਾ, ਅਮਨਦੀਪ ਕੌਰ, ਸਵਰਨਜੀਤ ਕੌਰ ਅਤੇ ਅਮਿਤਾ ਸਮੇਤ ਮਿਸ਼ਨ ਦੇ ਸੰਸਥਾਪਕ ਮੈਂਬਰ ਅਤੇ ਸਕੂਲ ਵਿੱਚ ਬਤੌਰ ਪ੍ਰੀ-ਪ੍ਰਾਇਮਰੀ ਟੀਚਰ ਤੈਨਾਤ ਮੈਡਮ ਸ਼ੁਕੰਤਲਾ ਚੌਧਰੀ ਵੀ ਮੌਜੂਦ ਸਨ। ਸਕੂਲ ਸਟਾਫ ਵੱਲੋਂ ਸਮੂਹ ਮਿਸ਼ਨ ਮੈਂਬਰਾਂ ਲਈ ਚਾਹ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।

## ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਟੈਗੋਰ ਥੀਏਟਰ ਵਿੱਚ ਪੰਜਾਬੀ ਨਾਟਕ "ਸੌਂਕਣ" ਦੀ ਹੋਈ ਸ਼ਾਨਦਾਰ ਪੇਸ਼ਕਾਰੀ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ, 29 ਸਤੰਬਰ : ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ (ਰਜਿ.) ਮੁਹਾਲੀ ਵੱਲੋਂ ਅੱਜ ਸ਼ਾਮ ਟੈਗੋਰ ਥੀਏਟਰ, ਸੈਕਟਰ-18, ਚੰਡੀਗੜ੍ਹ ਵਿਖੇ ਪ੍ਰਸਿੱਧ ਲੇਖਕ ਬਲਵੰਤ ਗਾਰਗੀ ਦੁਆਰਾ ਰਚਿਤ ਪੰਜਾਬੀ ਨਾਟਕ "ਸੌਂਕਣ" ਦੀ ਸਫਲਤਾਪੂਰਵਕ ਪੇਸ਼ਕਾਰੀ ਕੀਤੀ ਗਈ। ਨਾਟਕ ਦਾ ਨਿਰਦੇਸ਼ਨ ਈਮਾਨੁਅਲ ਸਿੰਘ ਨੇ ਕੀਤਾ ਅਤੇ ਇਸ ਨਾਟਕ ਦੀ ਪੇਸ਼ਕਾਰੀ ਪ੍ਰਸਿੱਧ ਕਲਾਕਾਰ ਡਾ. ਜਸਵਿੰਦਰ ਸਿੰਘ ਭੱਲਾ ਦੀ ਯਾਦ ਨੂੰ ਸਮਰਪਿਤ ਸੀ।

ਵਿਸ਼ੇਸ਼ ਮਹਿਮਾਨਾਂ ਦੀ ਹਾਜ਼ਰੀ ਨੇ ਸਮਾਗਮ ਨੂੰ ਹੋਰ ਵੀ ਹਰਮਨ ਪਿਆਰਾ ਬਣਾ ਦਿੱਤਾ, ਜਦੋਂ ਮਾਣਯੋਗ ਸ਼ਖ਼ਸੀਅਤਾਂ ਸ੍ਰੀ ਬਾਲ ਮੁਕੰਦ ਸ਼ਰਮਾ (ਚੇਅਰਮੈਨ, ਫੂਡ ਕਮਿਸ਼ਨਰ ਪੰਜਾਬ ), ਏ.ਐਸ. ਰਾਏ ਆਈ.ਪੀ.ਐਸ. (ਡੀ.ਜੀ.ਪੀ. ਪੰਜਾਬ), ਐੱਮ. ਐੱਸ. ਔਜਲਾ (ਫਾਰਮਰ ਚੀਫ਼ ਟਾਉਨ ਪਲਾਨਰ, ਗਵਰਨਮੈਂਟ ਆੱਫ ਪੰਜਾਬ), ਡਾ. ਸਤੀਸ਼ ਵਰਮਾ (ਪ੍ਰੋਫ਼ੈਸਰ ਇਮੈਨਿਟੀਸ, ਦੇਸ਼ ਭਗਤ ਯੂਨੀਵਰਸਿਟੀ, ਮੰਡੀ ਬੋਰਡ, ਗੋਬਿੰਦਗੜ੍ਹ), ਪਰਮਦੀਪ ਕੋਰ ਭੱਲਾ (ਸੁਪਤਨੀ ਸਵ. ਡਾ. ਜਸਵਿੰਦਰ ਸਿੰਘ ਭੱਲਾ) ਅਤੇ ਉਹਨਾਂ ਦੀ ਭੈਣ ਕੁਲਜੀਤ ਕੋਰ, ਵੈਮਸਲੇਅ ਕੁਕੂ (ਅਸਿਸਟੈਂਟ ਪ੍ਰੋਫ਼ੈਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।



ਪੀ. ਐਸ. ਆਰਟਸ ਐਂਡ ਕਲਚਰਲ ਸੁਸਾਇਟੀ ਦੁਆਰਾ ਲਗਾਈ ਗਈ ਤਿੰਨ ਰੋਜ਼ਾ ਵਰਕਸ਼ਾਪ ਲਈ ਲੰਡਨ ਤੋਂ ਆਏ ਥੀਏਟਰ ਡਾਇਰੈਕਟਰ ਟੋਨੀ ਸਿਲੀ ਅਤੇ ਥੀਏਟਰ ਡਾਇਰੈਕਟਰ ਨੇਲ ਮੁਖਰਜੀ ਨੇ ਵਿਸ਼ੇਸ਼ ਤੋਰ ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ, ਉਹਨਾ ਦੀ ਅਗਵਾਈ ਹੇਠ ਥੀਏਟਰ ਵਰਕਸ਼ਾਪ ਦਾ ਕਾਰਜ ਵਾਕਿਆ ਹੀ ਸ਼ਲਾਘਾ ਯੋਗ ਰਿਹਾ। ਉਹਨਾਂ ਨੇ ਤਿੰਨ ਦਿਨਾਂ ਇੰਟਰਨੈਸ਼ਨਲ ਥੀਏਟਰ ਵਰਕਸ਼ਾਪ ਵਿੱਚ ਸਾਰੇ ਭਾਗੀਦਾਰਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਥੀਏਟਰ ਦੀਆਂ ਬਾਰੀਕੀਆਂ ਸਿਖਾਈਆਂ। ਇਸ ਵਰਕਸ਼ਾਪ ਵਿੱਚ ਰਾਸ਼ਟਰਪਤੀ ਅਵਾਰਡੀ ਸੁਸਾਇਟੀ ਦੇ ਚੇਅਰਮੈਨ ਸ. ਬਲਕਾਰ ਸਿੱਧੂ ਵੱਲੋਂ ਪੰਜਾਬੀ ਲੋਕ ਨਾਚ ਭੰਗੜੇ ਦੀ ਸਿਖਲਾਈ ਦਿੱਤੀ ਗਈ।

ਇਸ ਸਮਾਗਮ ਦੀ ਸਫਲਤਾ ਵਿੱਚ ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪ੍ਰਵੀਨ ਸੰਧੂ ਅਤੇ ਬਲਕਾਰ ਸਿੱਧੂ (ਰਾਸ਼ਟਰਪਤੀ ਅਵਾਰਡੀ, ਚੇਅਰਮੈਨ, ਪੀ.ਐਸ. ਆਰਟਸ ਐਂਡ ਕਲਚਰਲ ਸੁਸਾਇਟੀ) ਦਾ ਵਿਸ਼ੇਸ਼ ਯੋਗਦਾਨ ਰਿਹਾ। ਟਰਾਈ ਸਿਟੀ ਤੋਂ ਇਲਾਵਾ ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਚੋਂ ਆਏ ਕਲਾ ਪ੍ਰੇਮੀਆਂ ਨੇ ਵੀ ਹਾਲ ਦੀ ਰੌਣਕ ਵਧਾਈ ਤੇ ਪ੍ਰੋਗਰਾਮ ਦਾ ਸੰਪੂਰਨ ਆਨੰਦ ਮਾਣਿਆ।

ਨਾਟਕ ਪੂਰਾ ਹੋਣ 'ਤੇ ਦਰਸ਼ਕਾਂ ਨੇ ਪੰਜਾਬੀ ਸਭਿਆਚਾਰ ਤੇ ਕਲਾ ਨੂੰ ਉਜਾਗਰ ਕਰਨ ਲਈ ਇਸ ਪੇਸ਼ਕਾਰੀ ਦੀ ਖੂਬ ਪ੍ਰਸ਼ੰਸਾ ਕੀਤੀ। ਇਸ ਨਾਟਕ ਨੂੰ ਦਰਸ਼ਕਾਂ ਦੇ ਰੂਬਰੂ ਕਰਵਾਉਂਦੀ ਈਮਾਨੁਅਲ ਸਿੰਘ ਦੀ ਕਲਾਕਾਰਾਂ ਦੀ ਪੂਰੀ ਟੀਮ ਜਿੰਨਾਂ ਵਿੱਚ—ਸ਼ੰਕਰ, ਮਨਦੀਪ, ਅਕਸ ਗਿੱਲ, ਪਰਵਿੰਦਰ ਸਿੰਘ, ਬਾਣੀ ਕੌਰ, ਜਸ਼ਨ ਪ੍ਰੀਤ ਸਿੰਘ, ਮਨੀ ਧੰਦੀਵਾਲ, ਸੁਖਦੀਪ ਕੌਰ ਸੰਘਾ, ਜੀਵਨ ਬਟਾਲਵੀ, ਜਤਿਨ ਬਠਿੰਡਾ, ਤੇ ਜਸਵੀਨ ਕੌਰ—ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ। ਨੌਜਵਾਨ ਕਲਾਕਾਰਾਂ ਦਾ ਜੋਸ਼ ਤੇ ਲਗਨ ਵੇਖ ਕੇ ਇੰਝ ਲੱਗਾ ਕਿ ਪੰਜਾਬੀ ਥੀਏਟਰ ਦੇ ਭਵਿੱਖ ਨੂੰ ਕੋਈ ਖਤਰਾ ਨਹੀਂ ਹੈ। ਪ੍ਰਧਾਨ ਪ੍ਰਵੀਨ ਸੰਧੂ ਨੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਪੀ. ਐਸ . ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਨੂੰ ਦਿੱਤਾ। ਉਨ੍ਹਾਂ ਐਲਾਨ ਕੀਤਾ ਕਿ ਪੀ.ਐਸ. ਆਰਟਸ ਐਂਡ ਕਲਚਰਲ ਸੋਸਾਇਟੀ ਅਜਿਹੇ ਸਾਹਿਤਕ ਅਤੇ ਕਲਾਤਮਕ ਸਮਾਗਮਾਂ ਦਾ ਆਯੋਜਨ ਭਵਿੱਖ ਵਿੱਚ ਵੀ ਪਹਿਲਾ ਵਾਗ ਹੀ ਜਾਰੀ ਰੱਖੇਗੀ ਅਤੇ ਨਵੇਂ ਨਵੇਂ ਕਲਾਕਾਰਾਂ ਨੂੰ ਅੱਗੇ ਆਉਣ ਦੇ ਮੌਕੇ ਦਿੰਦੀ ਰਹੇਗੀ। ਸਾਰੇ ਪ੍ਰੋਗਰਾਮ ਨੂੰ ਕੈਮਰੇ ਵਿੱਚ ਕੈਦ ਕਰਨ ਦੀ ਜ਼ਿੰਮੇਵਾਰੀ ਨਵਜੋਤ ਸਿੰਘ ਨਿਭਾਈ ।

ਸਮਾਗਮ ਦੇ ਅੰਤ ਵਿੱਚ ਹਾਜ਼ਰ ਮੁੱਖ ਮਹਿਮਾਨਾਂ ਨੇ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪ੍ਰਵੀਨ ਸੰਧੂ ਦੇ ਇਸ ਉਪਰਾਲੇ ਨੂੰ ਬਹੁਤ ਹੀ ਸਲਾਘਾਯੋਗ ਦੱਸਿਆ ਅਤੇ ਕਿਹਾ ਕਿ ਪੰਜਾਬੀ, ਪੰਜਾਬੀ ਸੱਭਿਆਚਾਰ ਅਤੇ ਥੀਏਟਰ ਪ੍ਰਵੀਨ ਸੰਧੂ ਵਰਗੇ ਨੋਜਵਾਨਾਂ ਦੇ ਹੱਥ ਵਿੱਚ ਹੈ, ਤਾਂ ਇਸ ਨੂੰ ਕਿਸੇ ਗੱਲੋਂ ਡਰ ਨਹੀਂ ਹੈ, ਇਹ ਸਾਡਾ ਸੱਭਿਆਚਾਰ ਸਾਡੀਆਂ ਨਵੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਪਰਵੀਨ ਸੰਧੂ ਦਾ ਬਹੁਤ ਵੱਡਾ ਉਪਰਾਲਾ ਹੈ। ਇਸਦੇ ਨਾਲ ਹੀ ਡਾ. ਸਤੀਸ਼ ਵਰਮਾ ਜੀ ਨੇ ਕਿਹਾ ਕਿ ਇੱਕ ਸੁਸਾਇਟੀ ਨੂੰ ਬਣਾਉਣਾ ਸੋਖਾ ਹੈ, ਪਰ ਉਸਨੂੰ ਇਸ ਮੁਕਾਮ ਤੱਕ ਲੈ ਕੇ ਜਾਣਾ ਇਹ ਪ੍ਰਵੀਨ ਸੰਧੂ ਵਰਗੇ ਹੋਣਹਾਰ ਨੌਜਵਾਨ ਹੀ ਕਰ ਸਕਦੇ ਹਨ। ਉਹਨਾਂ ਨੇ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅੱਜ ਤੱਕ ਉਹਨਾਂ ਨੇ ਕਿਸੇ ਵੀ ਸੰਸਥਾ ਦੀ ਏਡੀ ਵੱਡੀ ਟੀਮ ਨਹੀਂ ਦੇਖੀ, ਜਿਸ ਤਰ੍ਹਾਂ ਪ੍ਰਵੀਨ ਸੰਧੂ ਦੀ ਪੂਰੀ ਟੀਮ ਇਕਜੁੱਟਤਾ ਨਾਲ ਕੰਮ ਕਰਦੀ ਹੈ। ਉਹਨਾਂ ਨੇ ਪੂਰੀ ਟੀਮ ਦੇ ਕੰਮ ਦੀ ਸ਼ਲਾਘਾ ਦੇ ਨਾਲ ਨਾਲ ਨਾਟਕ ਦੇ ਕਲਾਕਾਰਾਂ ਦਾ ਸਨਮਾਨ ਤੇ ਧੰਨਵਾਦ ਵੀ ਕੀਤਾ।

ਪ੍ਰਵੀਨ ਸੰਧੂ ਵੱਲੋਂ ਇਸ ਮੌਕੇ ਤੇ ਹਾਜਰ ਸਾਰੀਆਂ ਮਹਾਨ ਸਖਸੀਅਤਾਂ ਦਾ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਅਤੇ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੀ ਪੂਰੀ ਟੀਮ ਅਰਸ਼ਦੀਪ ਸਿੰਘ ਸੰਧੂ, ਹਰਨੂਰ ਕੋਰ, ਸੁਸਾਇਟੀ ਦੀ ਜਨਰਲ ਸਕੱਤਰ ਰਾਜਦੀਪ ਕੋਰ, ਐਡਵਾਈਜ਼ਰ ਮੀਨਾ ਚੱਢਾ, ਸ਼ਮਾ ਮਹਾਜਨ,ਪ੍ਰੀਤੀ ਜੈਨ, ਰੋਹਿਤ ਗਿਰਧਰ, ਡਾ. ਸਾਹਿਲ ਮੋਗਲਾ, ਡਾ. ਸੋਨਾਕਸ਼ੀ ਮੋਗਲਾ, ਪ੍ਰੈੱਸ ਸਕੱਤਰ ਸ਼ਾਇਰ ਭੱਟੀ, ਸੁਖਵਿੰਦਰ ਕੌਰ, ਸ.ਤੇਜਾ ਸਿੰਘ ਥੂਹਾ, ਬਲਬੀਰ ਕੋਰ ਸੋਨੀ, ਜੈਸਮਾਈਨ ਸਿੰਘ, ਹੀਨਾ ਪਟਿਆਲ, ਸਾਇਨਾ ਜੈਨ, ਹਰਨੂਰ ਕੋਰ, ਗੁਰਸ਼ਰਨ ਕੋਰ ਭੱਟੀ, ਬੱਗਾ, ਧਨੰਜਿਆ ਚੋਹਾਨ (ਸਖਸ਼ਮ ਟਰੱਸਟ, ਚੰਡੀਗੜ੍ਹ) ਨਾਲ ਰੂਬਰੂ ਕਰਵਾਇਆ। ਇਸ ਤਿੰਨ ਰੋਜਾ ਇੰਟਰਨੈਸ਼ਨਲ ਥੀਏਟਰ ਵਰਕਸ਼ਾਪ ਵਿੱਚ ਅਰਾਧਿਆ, ਅਸਮੀਤ ਸਿੰਘ, ਕਪਿਲ, ਰਾਕੇਸ਼, ਗੁਰਸ਼ਰਨ ਕੌਰ, ਰੰਜਨਾ ਨਾਗਪਾਲ, ਅਸ਼ੋਕ ਕੁਮਾਰ, ਨਵਜੋਤ, ਹਰਜੋਤ ਸਿੰਘ, ਸੀਮਾ ਗੁਪਤਾ, ਸਤਿਅਇੰਦਰ ਕੁਮਾਰ, ਸੁਖਵੀਰ ਸਿੰਘ, ਗੁਰਨੂਰ ਕੋਰ, ਪੂਜਾ, ਸੱਤਿਆਵਤੀ ਅਚਾਰੀਆ, ਜਗਜੀਤ ਸਿੰਘ, ਜਸਵਿੰਦਰ ਕੌਰ, ਹਰਲੀਨ ਕੌਰ, ਸ਼ਰਨਦੀਪ ਕੌਰ, ਬਲਵਿੰਦਰ ਸਿੰਘ ਢਿੱਲੋ, ਸਿਮਰਜੀਤ ਕੌਰ ਢਿੱਲੋ, ਰਾਖੀ ਬਾਲਾ ਸੁਬਰਾ ਮਨੀਅਮ, ਮਨਪ੍ਰੀਤ ਕੌਰ, ਤੇਜਪ੍ਰਤਾਪ ਸਿੰਘ, ਇੰਦੂ, ਸੁਰਿੰਦਰ ਕੌਰ, ਯੁਵਰਾਜ ਸਿੰਘ, ਕੰਵਰਦੀਪ, ਵੰਸ਼, ਸ਼ੈਫਾਲੀ ਗੁਪਤਾ, ਨਵਿਆ ਮਹਾਜਨ, ਸੰਜੀਵ ਨਾਗਪਾਲ, ਭਾਰਤ, ਪ੍ਰਣਵੀ, ਸ਼ਾਨਾਇਆ, ਮੀਨਾਕਸ਼ੀ, ਮੋਨਾ , ਬਿੰਦੂ ਜੈਦਕਾ, ਮਨਦੀਪ ਕੌਰ, ਆਸਥਾ, ਐਡਵੋਕੇਟ ਨੀਲਮ ਨਾਰੰਗ ਜਿਹੀਆਂ ਵੱਖ ਵੱਖ ਖੇਤਰਾਂ ਸੰਬੰਧਿਤ ਸਖਸੀਅਤਾਂ ਨੇ ਹਿੱਸਾ ਲਿਆ।

## ਪਿੰਡ ਢਿੱਲਵਾਂ ਕਲਾ ਦੇ 35 ਪਰਿਵਾਰ ਜਸਪਾਲ ਸਿੰਘ ਪੰਜਗਰਾਈਂ ਦੀ ਅਗਵਾਈ ਹੇਠ ਭਾਜਪਾ 'ਚ ਸ਼ਾਮਲ

### ਲੋਕ ਪੰਜਾਬ 'ਚ ਭਾਜਪਾ ਦੀ ਸਰਕਾਰ ਲਿਆਉਣ ਲਈ ਉਤਾਵਲੇ : ਪੰਜਗਰਾਈਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 29 ਸਤੰਬਰ : ਭਾਰਤੀ ਜਨਤਾ ਪਾਰਟੀ ਦੀ ਲੋਕ ਪ੍ਰੀਆ ਨੂੰ ਦੇਖਦੇ ਹੋਏ ਨੇੜਲੇ ਪਿੰਡ ਢਿੱਲਵਾਂ ਕਲਾਂ ਵਿਖ਼ੇ ਕੋਠੇ ਦਰਜੀਆਂ ਵਾਲੇ ਤੋਂ 35 ਪਰਿਵਾਰ ਜਸਪਾਲ ਸਿੰਘ ਪੰਜਗਰਾਈਂ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐਸ.ਸੀ. ਮੋਰਚਾ ਦੀ ਅਗਵਾਈ ਹੇਠ ਮੰਡਲ ਪੰਜਗਰਾਈਂ ਕਲਾਂ ਦੇ ਪ੍ਰਧਾਨ ਨਸੀਬ ਸਿੰਘ ਔਲਖ ਅਤੇ ਹਰਦੀਪ ਸ਼ਰਮਾ ਬਾਹਮਣਵਾਲਾ ਕੁਆਰਡੀਨੇਟਰ ਪੰਜਾਬ ਕਿਸਾਨ ਮੋਰਚਾ ਭਾਰਤੀ ਜਨਤਾ ਪਾਰਟੀ ਨੇ ਸ਼ਾਮਿਲ ਕਰਵਾਏ। ਇਸ ਸਮੇਂ ਜਸਪਾਲ ਸਿੰਘ



ਪੰਜਗਰਾਈ ਨੇ ਕਿਹਾ ਕਿ ਅੱਜ ਸਮੁੱਚੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਲਈ ਪੰਜਾਬ ਵਾਸੀ ਪੂਰੀ ਉਤਸਾਹ ਵਿੱਚ ਹਨ ਕੇਂਦਰ ਸਰਕਾਰ ਵਿੱਚ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਵੱਲੋਂ ਲੋਕ ਭਲਾਈ ਚੱਲ ਰਹੀਆਂ ਸਕੀਮਾਂ ਨੂੰ ਦੇਖਦੇ ਹੋਏ ਪੰਜਾਬ ਦੇ ਮਹੱਲੇ ਅਤੇ ਪਿੰਡਾਂ ਦੇ ਲੋਕ ਅੱਜ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਉਹਨਾਂ ਕਿਹਾ ਕਿ ਅੱਜ ਹਰ ਇੱਕ ਨਾਗਰਿਕ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਉਣ ਲਈ ਉਤਾਵਲੇ ਹਨ, ਇਸ ਕਰਕੇ ਹੁਣ ਤੋਂ ਹੀ 2027 ਵਿੱਚ ਪੰਜਾਬ ਵਿੱਚ ਡਬਲ ਇੰਜਨ ਵਾਲੀ ਸਰਕਾਰ ਬਣਾਉਣ ਲਈ ਪੰਜਾਬ ਦਾ ਹਰ ਵੋਟਰ ਤਿਆਰ ਬੈਠਾ ਹੈ। ਉਹਨਾਂ ਕਿਹਾ ਕਿ ਕੇਂਦਰ ਵੱਲੋਂ ਅਨੇਕਾਂ ਲੋਕ ਭਲਾਈ ਸਕੀਮਾਂ ਕਰਕੇ ਅੱਜ ਦੇਸ਼ ਵਿੱਚ ਹਰ ਆਮ ਸ਼ਹਿਰੀ ਅਤੇ ਗਰੀਬ ਵਿਅਕਤੀ ਨੂੰ ਉਸ ਦਾ ਲਾਭ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅੱਜ ਗਰੀਬ ਔਰਤਾਂ ਲਈ ਉਜਵਲ ਯੋਜਨਾ ਤਹਿਤ 9 ਕਰੋੜ ਮਹਿਲਾਵਾਂ ਨੂੰ ਸਿਲੰਡਰ ਦਿੱਤੇ ਗਏ, ਇਸ ਵਾਰ ਕੇਂਦਰ ਸਰਕਾਰ ਵੱਲੋਂ 7 ਕਰੋੜ ਗਰੀਬਾਂ ਨੂੰ ਘਰ ਬਣਾ ਕੇ ਦੇਣ ਦੀ ਯੋਜਨਾ ਹੈ, ਇਸ ਤਰ੍ਹਾਂ ਹੀ ਪੂਰੇ ਦੇਸ਼ ਵਿੱਚ 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫਤ ਰਾਸ਼ਨ ਦਿੱਤਾ ਜਾ ਰਿਹਾ ਹੈ। ਇਸ ਸਮੇਂ ਉਹਨਾਂ ਨਾਲ ਬਲਵਿੰਦਰ ਸਿੰਘ ਬਰਗਾੜੀ, ਵਕੀਲ ਸਿੰਘ, ਹਰਪ੍ਰੀਤ ਸਿੰਘ, ਸ਼ਾਮ ਲਾਲ ਗੋਇਲ, ਹਰਮੇਲ ਚਹਿਲ, ਰਮਨਦੀਪ ਕੌਰ ਰਮਾਣ, ਸ਼ੁਭਦੀਪ ਕੋਠੇ ਹਜੂਰਾ ਸਿੰਘ, ਸਰਬਜੀਤ ਕੌਰ ਕੋਠੇ ਦਰਜੀਆਂ ਵੀ ਹਾਜਰ ਸਨ।